<u>ਸ਼ਹੀਦ ਸੁਖਦੇਵ ਦੇ ਜਨਮ ਦਿਵਸ 19 ਫਰਵਰੀ 1907 ਲਈ ਵਿਸ਼ੇਸ਼</u>

# ਸੁਖ ਦੇਵ ਤੇ ਭਗਤ ਸਿੰਘ ਦਾ ਸਾਂਝਾ ਬਚਪਨ

ਮਲਵਿੰਦਰ ਜੀਤ ਸਿੰਘ ਵੜੈਚ

ਨਹਿਰੀ ਪਾਣੀਆਂ ਨਾਲ ਸਿੰਜੀ ਲਾਇਲਪੁਰ ਦੀ ਬੰਜਰ ਧਰਤੀ, ਉੱਥੇ ਹੀ ਸੀ ਮੌਲਿਆ ਲੋਕ ਸੰਗਰਾਮ 'ਪਗੜੀ ਸੰਭਾਲ ਓਏ ਜੱਟਾ', 1907 ਦੌਰਾਨ।

ਓਧਰ ਮੁਗਲ ਕਾਲ ਵੇਲੇ ਭਗਤ ਸਿੰਘ ਦਾ ਕੋਈ ਪੁਰਖਾ ਚਲਿਆ ਹਰਿਦੁਆਰ ਨੂੰ, ਤਰਨ-ਤਾਰਨ ਨੇੜੇ ਨਾਰਲੀਓਂ ਵਡੇਰੇ ਦੇ ਫੁੱਲ ਤਾਰਨ, ਤੇ ਰਾਹ ਵਿੱਚ ਇੱਕ ਰਾਤ ਠਹਿਰਿਆ ਬੰਗੇ ਲਾਗੇ ਖਟਕੜੀਂ, ਸਰਦਾਰ ਦੀ ਹਵੇਲੀ ਵਿੱਚ। ਵਾਪਸੀ ਤੇ ਟਿਕਿਆ ਫਿਰ ਉਥੇ ਹੀ ਤੇ ਤੈਅ ਹੋ ਗਿਆ ਉਹਦਾ ਰਿਸ਼ਤਾ ਸਰਦਾਰ ਦੀ ਇਕਲੌਤੀ ਧੀ ਨਾਲ ਤੇ ਆ ਵਸਿਆ ਉਥੇ ਉਹ ਮਾਲਕ-ਜਵਾਈ ਵਜੋਂ।

ਚਿਰਾਂ ਪਿੱਛੋਂ ਭਗਤ ਸਿੰਘ ਦੇ ਬਾਬੇ ਅਰਜਨ ਸਿੰਘ ਨੇ ਚੜ੍ਹਦੀ ਸਦੀ ਜਾ ਹਲ ਜੋੜੇ ਬਾਰ ਦੀ ਮੋਕਲੀ ਨਹਿਰ ਸਿੰਜੀ ਧਰਤੀ, ਬੰਗੇ ਚੱਕ 105 ਵਿੱਚ, ਤੇ ਉਥੇ ਹੀ ਜਨਮਿਆਂ ਭਗਤ ਸਿੰਘ 28 ਸਤੰਬਰ, 1907 ਨੂੰ।

ਉਸੇ ਵਰ੍ਹੇ ਹੀ ਜਨਮਿਆ ਸੁਖ ਦੇਵ ਵੀ, ਆਪਣੇ ਜੱਦੀ ਸ਼ਹਿਰ ਲੁਧਿਆਣੇ ਦੇ ਘੁੱਗ ਵਸਦੇ ਮੁਹੱਲੇ 'ਨੌਘਰੇ' ਵਿੱਚ 19 ਫਰਵਰੀ, 1907 ਨੂੰ। ਪਰ ਸੰਜੋਗ ਲੈ ਤੁਰੇ ਉਹਨੂੰ ਵੀ ਤਿੰਨੀਂ ਵਰ੍ਹੀਂ ਲਾਇਲਪੁਰ ਨੂੰ ਹੀ, ਪਿਤਾ ਦੇ ਸਦੀਵੀ ਵਿਛੋੜੇ ਪਿੱਛੋਂ, ਤਾਏ ਅਚਿੰਤ ਕੋਲ, ਜੀਹਦੀ ਵੱਡੀ ਚਿੰਤਾ ਸੀ ਦੇਸ, ਭਾਵੇਂ ਸੀ ਵਿਓਪਾਰੀ ਉਹ ਖੇਤੀ ਜਿਨਸਾਂ ਦਾ; ਤੇ ਤਾਰਾਂ ਜੁੜਦੀਆਂ ਜੁੜਦੀਆਂ ਜੁੜ ਗਈਆਂ ਭਗਤ ਸਿੰਘ ਦੇ ਵਿਦਰੋਹੀ ਪਰਵਿਾਰ ਨਾਲ — ਦੋਹਾਂ ਪਰਿਵਾਰਾਂ ਦੀ ਸਾਂਝ ਸੀ ਭਾਰਤ ਮਾਤਾ ਸੋਸਾਇਟੀ ਤੇ 1907 ਦੀ ਲੋਕ ਲਹਿਰ।

ਭਗਤ ਸਿੰਘ ਦਾ ਪਰਿਵਾਰ ਵੀ ਸੀ ਆਰੀਆ ਸਮਾਜੀ ਅਗਾਂਹ ਵਧੂ ਤੇ ਲਾਲਾ ਅਚਿੰਤ ਰਾਮ ਵੀ ਰੰਗੇ ਹੋਏ ਸਨ ਉਸੇ ਰੰਗ ਵਿੱਚ ਹੀ। ਜਦੋਂ ਵੀ ਭਗਤ ਸਿੰਘ ਦੇ ਪਿਤਾ ਕਿਸ਼ਨ ਸਿੰਘ ਜਾਂ ਦਾਦਾ ਲਾਇਲਪੁਰ ਆਉਂਦੇ ਤਾਂ ਸੁਖ ਦੇਵ ਦੀ ਆੜ੍ਹਤ ਦੀ ਦੁਕਾਨ ਹੀ ਹੁੰਦੀ ਉਨ੍ਹਾਂ ਦਾ ਅੱਡਾ, ਜਿੱਥੇ ਅਕਸਰ ਹੁੰਦਾ ਓਹਦਾ ਚਾਚਾ ਵਲੀ ਰਾਮ, ਤੇ ਦੋਵੇਂ ਬਾਲਕ ਰਹਿੰਦੇ ਖੇਡਦੇ; ਵੱਡੇਰਿਆਂ ਦੀ ਇਹੀ ਸਾਂਝ ਵਿੱਚ ਹੀ ਵਿਗਸੀ ਭਗਤ ਸਿੰਘ ਅਤੇ ਸੁਖ ਦੇਵ ਦੀ ਧੁਰ ਦੀ ਸਾਂਝ, ਹਰ ਪੱਖੋਂ ਬੇਮਿਸਾਲ।

ਜਿਵੇਂ ਸੁਖ ਦੇਵ ਹੋਸ਼ ਸੰਭਾਲਣ ਵੇਲੇ ਤੋਂ ਹੀ ਆਪਣੇ ਤਾਏ ਕੋਲੋਂ ਲੋਕ ਲਹਿਰਾਂ ਦੇ ਹਾਵ-ਭਾਵ ਸਮਝਣ ਲੱਗ ਪਿਆ ਸੀ, ਉਵੇਂ ਹੀ ਭਗਤ ਸਿੰਘ ਵੀ ਘਰ ਵਿੱਚ ਆਉਂਦੇ-ਜਾਂਦੇ ਦੇਸ ਭਗਤਾਂ ਵਾਲੇ ਮਹੌਲ ਵਿੱਚ ਵਿਚਰਦਿਆਂ ਤੇ ਆਪਣੀਆਂ ਦੋਹਾਂ ਦੁੱਖਾਂ ਮਾਰੀਆਂ ਚਾਚੀਆਂ ਦਾ ਲਾਡ-ਪਿਆਰ ਮਾਨਣ ਦੇ ਨਾਲ ਨਾਲ ਉਨ੍ਹਾਂ ਦੇ ਕਲੇਸ਼ ਲਈ ਦੋਸ਼ੀ ਵਿਦੇਸ਼ੀ ਰਾਜ ਵਿਰੁੱਧ ਵਿਸ ਵੀ ਘੋਲਦਾ ਰਹਿੰਦਾ, ਠਿਲ੍ਹਿਆ ਉਸੇ ਰਾਹੇ ਹੀ।

ਭਾਵੇਂ ਲਾਡ-ਪਿਆਰ ਦੀ ਘਾਟ ਤਾਂ ਦੋਹਾਂ 'ਚੋਂ ਕਿਸੇ ਨੂੰ ਵੀ ਨਹੀਂ ਸੀ ਰਹੀ, ਪਰ ਲੋੜੋਂ ਵੱਧ ਪਿਆਰ ਨੇ ਸੁਖ ਦੇਵ ਨੂੰ ਜ਼ਿੱਦੀ ਤੇ ਅੜੀਅਲ ਜਿਹਾ ਬਣਾ ਦਿੱਤਾ, ਜੋ ਅੱਗੋਂ ਜਾ ਕੇ ਕਈ ਸਾਥੀਆਂ ਨੂੰ ਵੀ ਰੜ੍ਹਕਦਾ ਰਿਹਾ ਤੇ ਓਹਦੇ ਬਾਰੇ ਕਈ ਨਿਰਮੂਲ ਭੁਲੇਖਿਆਂ ਦਾ ਵੀ ਕਾਰਨ ਬਣਿਆ ਸੀ, ਪਰ ਭਗਤ ਸਿੰਘ ਸੀ ਕੁੱਝ ਲਚੀਲਾ ਤੇ ਚੁਲਬੁਲਾ।

ਇੱਕ ਲਿਹਾਜ਼ ਨਾਲ ਭਗਤ ਸਿੰਘ ਅਤੇ ਸੁਖ ਦੇਵ ਸੀ ਇੱਕ ਦੂਜੇ ਦੇ ਪੂਰਕ, ਜੋ ਲਗਾਤਾਰ ਆਪੋ ਵਿੱਚ ਖਹਿਬੜਦੇ ਵੀ ਰਹੇ ਤੇ ਇੱਕ ਦੂਜੇ ਦੇ ਸਾਹ ਵਿੱਚ ਸਾਹ ਵੀ ਲੈਂਦੇ ਰਹੇ।

ਸਾਲ ਬਾਰ੍ਹਵੇਂ ਕਹਿਰ ਵਰਤਿਆ — ਜਲ੍ਹਿਆਂਵਾਲੇ ਤੇ ਦੋਹਾਂ ਦੀਆਂ ਬਾਲ ਰੂਹਾਂ ਗਈਆਂ ਵਿਲੂੰਧਰੀਆਂ। ਭਗਤ ਸਿੰਘ ਤਾਂ ਲਹੌਰੋਂ ਸਕੂਲ ਛੱਡਕੇ ਜਾ ਪਹੁੰਚਿਆ ਘਲੂਘਾਰੇ ਦੇ ਅਗਲੇ ਦਿਨ ਅੰਮ੍ਰਿਤਸਰ ਜਲ੍ਹਿਆਂਵਾਲੇ ਦੀ ਲਹ ਸਿੰਜੀ ਧਰਤੀ ਤੇ, ਉਥੋਂ ਭਰ ਲਿਆਇਆ ਸ਼ੀਸ਼ੀ ਵਿੱਚ ਉਸ ਰੱਤ ਭਿੰਨੀ ਧਰਤੀ ਦੀ ਮੁੱਠ, ਜਿਹਨੂੰ ਓਹਨੇ ਆਪਣੀ ਅੱਖੋਂ ਓਹਲੇ ਤਾਂ ਕੀਤਾ ਹੋਵੇਗਾ, ਪਰ ਮਨੋ ਕਦੇ ਨਹੀਂ ਵਿਸਾਰਿਆ ਤੇ ਜੀਵਨ ਭਰ ਓਹਦੀ ਅਰਾਧਨਾ ਕਰਦਾ ਰਿਹਾ।

ਸੁਖ ਦੇਵ ਵੀ 14 ਅਪ੍ਰੈਲ ਨੂੰ ਤਾਏ ਅਚਿੰਤ ਨਾਲ ਇਸੇ ਬਰਬਰਤਾ ਵਾਲੇ ਕਾਂਡ ਦੀ ਹੀ ਚਰਚਾ ਰਿਹਾ ਸੀ ਕਰਦਾ। ਓਧਰ ਸਰਕਾਰ ਦੇ ਹੁਕਮ ਤਹਿਤ ਸਨਾਤਨ ਧਰਮ ਹਾਈ ਸਕੂਲ, ਜਿੱਥੇ ਉਹ ਪੜ੍ਹਦਾ ਸੀ, ਪ੍ਰਾਰਥਨਾ ਵੇਲੇ ਆ ਪਹੁੰਚਿਆ ਇੱਕ ਗੋਰਾ ਅਫਸਰ, ਜਿਹਨੂੰ ਹਰ ਵਿਦਿਆਰਥੀ ਨੇ ਵਾਰੀ-ਵਾਰੀ ਓਹਦੇ ਕੋਲੋਂ ਲੰਘਦਿਆਂ ਸਲਾਮ ਮਾਰਨੀ ਸੀ, ਪਰ ਸੁਖ ਦੇਵ ਕੀ ਤੇ ਸਲਾਮੀ ਕੀ? ਓਹਦੇ ਤੱਤ ਫੱਟ ਇਨਕਾਰ ਤੇ ਹੈਡਮਾਸਟਰ ਨੇ ਉਸ ਨੂੰ ਖੂਬ ਕੁਟਾਪਾ ਚਾੜ੍ਹਿਆ, ਪਰ ਜਿੰਨਾ ਚਿਰ ਇਹ ਹੁਕਮ ਵਾਪਸ ਨਹੀਂ ਲੈ ਲਿਆ ਗਿਆ, ਉਹ ਵੀ ਸਕੂਲ ਨਹੀਂ ਵੜਿਆ। ਇੰਜ ਦੋਹਾਂ ਦੇ ਚੇਤੰਨ ਦੌਰ ਦੀ ਹੋਈ ਸ਼ੁਰੂਆਤ।

ਇਸ ਤੋਂ ਕੋਈ ਦਸ ਕੁ ਮਹੀਨੇ ਪਿੱਛੋਂ 20 ਫਰਵਰੀ, 1921 ਨੂੰ ਗੁਰੂ ਨਾਨਕ ਦੇ ਜਨਮ-ਸਥਾਨ ਨਨਕਾਣਾ ਸਾਹਿਬ ਗੁਰਦੁਆਰੇ ਮੱਥਾ ਟੇਕਣ ਗਏ ਡੇਢ ਕੁ ਸੌ ਪੁਰ ਅਮਨ ਸ਼ਰਧਾਲੂਆਂ ਨੂੰ ਗੁਰਦੁਆਰੇ ’ਤੇ ਕਾਬਜ਼ ਅਯਾਸ਼ ਮਹੰਤ ਨਰੈਣ ਦਾਸ ਨੇ ਆਪਣੇ ਗੁੰਡਿਆਂ ਹੱਥੋਂ ਬੇਰਹਿਮੀ ਨਾਲ ਕਤਲ ਕਰਵਾ ਕੇ, ਉਪਰੋਂ ਮਿੱਟੀ ਦਾ ਤੇਲ ਪਾ ਕੇ ਅੱਗ ਲਗਾ ਦਿੱਤੀ ਸੀ। ਉਸ ਦੌਰ ਵਿੱਚ ਇਤਿਹਾਸਕ ਸਿੱਖ ਗੁਰਧਾਮਾਂ ’ਤੇ ਹਰਾਮਖੋਰ ਮਹੰਤਾਂ ਦਾ ਕਬਜਾ ਸੀ ਜਿਨ੍ਹਾਂ ਦੀ ਪਿੱਠ ਸਰਕਾਰੀ ਹਾਕਮ ਠੋਕਦੇ ਸੀ।

ਭਗਤ ਸਿੰਘ ਇਸ ਕਾਂਡ ਦੇ ਕੁੱਝ ਹੀ ਦਿਨ ਮਗਰੋਂ, 5 ਮਾਰਚ 1921 ਨੂੰ ਹੋਈ ਮਾਤਮੀ ਕਾਨਫਰੰਸ ਵਿੱਚ ਪਹੁੰਚਿਆ ਤੇ ਉਥੋਂ ਸ਼ਹੀਦੀ ਕੈਲੰਡਰ ਲਿਆ ਤੇ ਸਾਰੀ ਸਿੱਖ ਸੰਗਤ ਵਾਂਗ ਕਾਲੀ ਦਸਤਾਰ ਵੀ ਸਜਾ ਲਈ; ਉਪਰੰਤ ਭੈਣ ਅਮਰ ਕੌਰ ਨਾਲ ਗੁਰਮੁਖੀ ਲਿਖਣੀ-ਪੜ੍ਹਨੀ ਸਿੱਖ ਲਈ, ਜੋ ਪਿੱਛੋਂ ਜਾ ਕੇ ਓਹਦੀਆਂ ‘ਕਿਰਤੀ’ ਰਸਾਲੇ ਵਿੱਚ ਛਪੀਆਂ ਲਿਖਤਾਂ ’ਚ ਕੰਮ ਆਈ। ਨਾਲੇ ਜਿਥੇ ਹੁਣ ਤੱਕ ਉਹ ਦਾਦਾ ਜੀ ਨੂੰ ਹੀ ਉਰਦੂ ਵਿੱਚ ਚਿੱਠੀਆਂ ਲਿਖਦਾ ਸੀ, ਹੁਣ ਚਾਚੀ ਹੁਕਮ ਕੌਰ ਨੂੰ ਗੁਰਮੁਖੀ ਵਿੱਚ ਚਿੱਠੀਆਂ ਲਿਖਣ ਲੱਗ ਪਿਆ ਸੀ।

### ਕਾਲੇ ਕਾਨੂੰਨ ਦਾ ਵਾਵਰੋਲਾ

ਪਹਿਲੀ ਵੱਡੀ ਜੰਗ ਦੌਰਾਨ ਬੰਗਾਲ, ਮਹਾਰਾਸ਼ਟਰ ਅਤੇ ਪੰਜਾਬ ਦੀਆਂ ਇਨਕਲਾਬੀ ਲਹਿਰਾਂ ਤੋਂ ਡਰੀ ਹੋਈ ਸਰਕਾਰ ਨੇ ਜਾਬਰ ਕਾਨੂੰਨ ‘ਰੌਲਟ ਐਕਟ’, ਜਿਸ ਅਧੀਨ ਤਾਂ ਪੁਰ ਅਮਨ ਅੰਦੋਲਨਾਂ ਲਈ ਵੀ ਕੜੀਆਂ ਸਜਾਵਾਂ ਦੀ ਵਿਵਸਥਾ ਸੀ; ਦੂਜੇ ਹੱਥ ਅਹਿੰਸਾ ਦੇ ਕਥਿਤ ਪੁੰਜ ਗਾਂਧੀ ਜੀ 1917 ਵੇਲੇ ਵਲੰਟੀਅਰ ਦੇ ਤੌਰ ਤੇ ‘ਰਕਰੂਟਿੰਗ ਸਾਰਜੈਂਟ’ ਵਜੋਂ ਹਿੰਦੀ ਨੌਜਵਾਨਾਂ ਨੂੰ ਸਾਮਰਾਜੀ ਫੌਜ ਵਿੱਚ ਭਰਤੀ ਕਰਵਾਂਦੇ ਰਹੇ ਸਨ। ਇਥੇ ਹੀ ਬਸ ਨਹੀਂ, ਜਲ੍ਹਿਆਂਵਾਲੇ ਦੇ ਘੱਲੂਘਾਰੇ ਤੋਂ ਅੱਠ ਮਹੀਨੇ ਪਿੱਛੋਂ ਅੰਮ੍ਰਿਤਸਰ ਵਿੱਚ ਹੋਏ ਕਾਂਗਰਸ ਸੈਸ਼ਨ ਵਿੱਚ ਅੰਗ੍ਰੇਜ਼ੀ ਹਾਕਮਾਂ ਪ੍ਰਤੀ ਵਫਾਦਾਰੀ ਦਾ ਮਤਾ ਪਾਸ ਹੋਇਆ ਸੀ, ਤੇ ਸ਼ਹਿਨਸ਼ਾਹ ਨੂੰ ਪਹਿਲੀ ਜੰਗ ਵਿੱਚ ਜੇਤੂ ਰਹਿਣ ਤੇ ਵਧਾਈਆਂ ਭੇਜੀਆਂ ਗਈਆਂ ਸਨ, ਪਰ ‘ਮਹਾਤਮਾ ਜੀ’ ਨੇ ਜਲਿਆਂਵਾਲੇ ਕਾਂਡ ਬਾਰੇ ਮੋਨ ਧਾਰੀ ਰੱਖਿਆ ਸੀ।

ਜੰਗ ਨੇ ਤਾਂ ਪਹਿਲਾਂ ਹੀ ਹਿੰਦੀ ਲੋਕਾਂ ਦਾ ਖੂਨ ਵਹਾਇਆ ਸੀ ਜੰਗ ਦੇ ਮੈਦਾਨਾਂ ਵਿੱਚ, ਤੇ ਬਾਕੀ ਦਾ ਸੁਕਾਇਆ ਸੀ ਮਹਿੰਗਾਈ ਤੇ ਰੋਜ਼ਾਨਾਂ ਵਰਤੋਂ ਦੀਆਂ ਚੀਜ਼ਾਂ ਦੀਆਂ ਥੁੜਾਂ ਨੇ। ਉਨ੍ਹਾਂ ਦੇ ਸਬਰ ਦਾ ਪਿਆਲਾ ਤਾਂ ਪਹਿਲਾਂ ਹੀ ਛਲਕ ਰਿਹਾ ਸੀ; ਉਪਰੋਂ ਇਸ ਜਾਬਰ ਕਾਨੂੰਨ ਦੇ ਆਗਮਨ ਤੇ ਲੋਕ-ਰੋਹ ਜਵਾਲਾ ਬਣ ਕੇ ਦਿਨਾਂ ਵਿੱਚ ਹੀ ਦੇਸ ਦੇ ਕੋਨੇ-ਕੋਨੇ ਵਿੱਚ ਫੈਲ ਗਿਆ।

ਲੋਕ-ਰੋਹ ਦੇ ਇਸ ਵਾਵਰੋਲੇ ਕਰਕੇ ਗਾਂਧੀ ਜੀ ਵਰਗੇ ਅੰਗ੍ਰੇਜ਼-ਪੱਖੀ ਨੇਤਾ ਨੂੰ ਵੀ ਲੋਕ ਲਹਿਰ ਦੀ ਅਗਵਾਈ ਕਰਨੀ ਪੈ ਗਈ, ਤੇ ਉਨ੍ਹਾਂ ਵਿੱਢ ਦਿੱਤੀ ‘ਨਾ-ਮਿਲਵਰਤਨ’ ਲਹਿਰ ਤੇ ਕਰ ਦਿੱਤਾ ਐਲਾਨ ਕਿ **ਮੈਂ ਇੱਕ ਸਾਲ ਵਿੱਚ ਸਵਰਾਜ ਲੈ**

**ਦਿਆਂਗਾ। ਇਨਕਲਾਬੀਆਂ ਨੇ ਵੀ ਇਸ ਦੌਰਾਨ ਆਪਣੀਆਂ ਸਰਗਰਮੀਆਂ ਰੋਕ ਲਈਆਂ ਤਾਂ ਕਿ ਉਨ੍ਹਾਂ ਉਪਰ ਰੰਗ ਵਿੱਚ ਭੰਗ ਪਾਉਣ ਦਾ ਦੋਸ਼ ਨਾ ਮੱੜ੍ਹ ਦਿੱਤਾ ਜਾਏ।**

ਭਗਤ ਸਿੰਘ ਵੀ ਪਿੰਡੋਂ ਚੌਥੀ ਕਰਕੇ ਪੰਜਵੀਂ ਜਮਾਤੇ ਲਾਹੌਰ ਡੀ.ਏ.ਵੀ. ਹਾਈ ਸਕੂਲ ’ਚ ਆ ਗਿਆ ਸੀ ਤੇ ਪਿਤਾ ਨੂੰ ਵੀ ਲਾਹੌਰ ਵਿੱਚ ਹੀ ਅੱਡਾ-ਠਿਕਾਣਾ ਚਾਹੀਦਾ ਸੀ, ਜੋ ਰਾਜਸੀ ਸਰਗਰਮੀਆਂ ਦਾ ਧੁਰਾ ਸੀ, ਤਾਂ ਉਨ੍ਹਾਂ ਨੇ ਲਾਹੌਰ ਦੇ ਬਾਹਰਵਾਰ ਰਾਵੀ ਦਰਿਆ ਦੇ ਪਾਰ ਖਵਾਸਰੀਆ ਪਿੰਡ ਵਿੱਚ ਵਾਹੀ ਜੋਗੀ ਜ਼ਮੀਨ ਖਰੀਦੀ, ਖੂਹ ਲੁਆ ਕੇ ਖੇਤੀ ਵਿੱਢ ਲਈ ਤੇ ਨਾਲੇ ਮੱਝਾਂ ਰੱਖ ਕੇ ਲਾਹੌਰ ਦੁੱਧ ਪਹੁੰਚਾਉਣਾ ਸ਼ੁਰੂ ਕਰ ਦਿੱਤਾ। ਉਹਨਾਂ ਦਾ ਇੱਕ ਹੋਰ ਰੁਝੇਵਾਂ ਸੀ ਬੀਮਾ ਕੰਪਨੀ ਦੀ ਏਜੰਸੀ ਦਾ, ਜਿਸਦਾ ਲਾਹੌਰ ਵਾਲਾ ਦਫਤਰ ਮੁੰਡਿਆਂ ਦੇ ਮਿਲ-ਬੈਠਣ ਦੇ ਕੰਮ ਵੀ ਆਉਂਦਾ ਸੀ। ਦੁੱਧ ਦੇ ਖੁੱਲ੍ਹੇ ਗੱਫੇ ਉਪਲੱਭਦ ਹੋਣ ਕਰਕੇ ਭਗਤ ਸਿੰਘ ‘ਦੁਧਾਧਾਰੀ’ ਬਣ ਗਿਆ ਤੇ ਯਾਰ ਮੰਡਲੀ ਨੂੰ ਵੀ ਕਦੇ ਦੁੱਧ ਦੀ ਤੋਟ ਨਹੀਂ ਸੀ ਆਉਣ ਦਿੰਦਾ।

ਗਾਂਧੀ ਜੀ ਨੇ ਸਕੂਲੀਂ-ਕਾਲਜੀ ਨੌਜਵਾਨਾਂ ਨੂੰ ਸਰਕਾਰੀ ਮਾਨਤਾ ਪ੍ਰਾਪਤ ਸੰਸਥਾਵਾਂ ਦਾ ਬਾਈਕਾਟ ਕਰਕੇ ਕੌਮੀ ਸਕੂਲਾਂ-ਕਾਲਜਾਂ ’ਚ ਦਾਖਲੇ ਲੈਣ ਲਈ ਕਿਹਾ ਸੀ, ਜਿਸ ਲਈ ਨੈਸ਼ਨਲ ਸਕੂਲ-ਕਾਲਜ ਖੋਲ੍ਹੇ ਗਏ — ਜਿੱਥੇ ਰਾਜਸੀ ਚੇਤਨਾ ਉਭਾਰਨ ਵਾਲੇ ਮਜ਼ਮੂਨ, ਕਿਤਾਬਾਂ ਅਤੇ ਅਧਿਆਪਕ ਉਪਲਬਦ ਸਨ। ਓਹਨੀ ਦਿਨੀਂ ਸੁਖ ਦੇਵ ਦਸਵੀਂ ਕਰਕੇ ਲਾਹੌਰ ਨੈਸ਼ਨਲ ਕਾਲਜ ਵਿੱਚ ਦਾਖਲ ਹੋ ਗਿਆ, ਪਰ ਭਗਤ ਸਿੰਘ ਅਜੇ ਦਸਵੀਂ ਵਿੱਚ ਹੀ ਪੜ੍ਹਦਾ ਸੀ। ਓਹਨੂੰ ਇਸ ਸ਼ਰਤ ’ਤੇ ਦਾਖਲ ਕਰ ਲਿਆ ਗਿਆ ਕਿ ਉਹ ਦੋ ਮਹੀਨਿਆਂ ਵਿੱਚ ਦਾਖਲਾ ਟੈਸਟ ਪਾਸ ਕਰ ਲਏਗਾ, ਜੋ ਉਸ ਨੇ ਦਿਨ-ਰਾਤ ਇੱਕ ਕਰਕੇ ਪਾਸ ਕਰ ਲਿਆ ਤੇ ਇਸ ਤਰ੍ਹਾਂ ਇਹ ਦੋਵੇਂ ਐਫ.ਏ. ਦੇ ਵਿਦਿਆਰਥੀ ਬਣ ਗਏ।

ਪਿੰਡ ਤੇ ਡਾਕਘਰ ਸਕੇਤੜੀ, ਜ਼ਿਲ੍ਹਾ ਪੰਚਕੂਲਾ 134109
ਫੋਨ: 0172-2556314
ਈਮੇਲ: mjswaraich29@gmail.com

-------